# ਕਰੈਨਬਰੁੱਕ ਵਿੱਚ ਮਨੁੱਖੀ ਅਧਿਕਾਰ

## ਕਰੈਨਬਰੁੱਕ

**20,499**
ਲੋਕਾਂ ਦਾ ਘਰ ਹੈ

ਇਹ ਸ਼ਹਿਰ ਸਾਰੇ ਈਸਟ ਕੂਟਨੀ ਇਲਾਕੇ ਲਈ ਵੱਡਾ ਸੇਵਾਵਾਂ ਦਾ ਕੇਂਦਰ ਹੈ



ਕਰੈਨਬਰੁੱਕ ਦੇ **10%** ਵਸਨੀਕ ਮੂਲਵਾਸੀ (ਇਨਡਿਜਨਸ) ਹਨ

**7%** ਲੋਕ ਵੱਖਰੀ ਦਿੱਖ ਵਾਲੇ (ਵਿਜ਼ੀਬਲ) ਘੱਟ ਗਿਣਤੀ ਲੋਕ ਹਨ।

## ਕਰੈਨਬਰੁੱਕ ਵਿੱਚ ਰਿਹਾਇਸ਼ ਅਤੇ ਗਰੀਬੀ ਮਨੁੱਖੀ ਅਧਿਕਾਰਾਂ ਦੇ ਪ੍ਰਮੁੱਖ ਮੁੱਦੇ ਹਨ

### ਸੁਰੱਖਿਅਤ, ਰਹਿਣਯੋਗ ਅਤੇ ਵਾਰਾ ਖਾਣ-ਯੋਗ (ਅਫੋਰਡੇਬਲ) ਰਿਹਾਇਸ਼ ਭਾਲਣੀ ਅਤੇ ... ਰੱਖਣੀ ਔਖੀ ਹੈ।

> “ਤੁਸੀਂ ਰਹਿਣ ਲਈ $850 ਡਾਲਰ ਤੋਂ ਘੱਟ ਕਮਰਾ ਨਹੀਂ ਭਾਲ ਸਕਦੇ, ਤੇ ਏਨਾ ਤਾਂ ਕਈ ਲੋਕਾਂ ਨੂੰ ਮਹੀਨੇ ਵਿਚ ਮਿਲਦਾ ਵੀ ਨਹੀਂ। —ਇਕ ਕਮਿਊਨਿਟੀ ਮੈਂਬਰ ਅਨੁਸਾਰ”

### ਕਰੈਨਬਰੁੱਕ ਵਿਚ ਬੇਘਰੇ ਲੋਕਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ

ਸਾਲ 2020 ਅਤੇ 2023 ਦਰਮਿਆਨ ਕਰੈਨਬਰੁੱਕ ਵਿਚ ਬੇਘਰੇ ਲੋਕਾਂ ਦੀ ਗਿਣਤੀ ਦੁੱਗਣੀ ਹੋ ਗਈ ਹੈ ਇਸ ਦੇ ਬਾਵਜੂਦ ਕਮਿਊਨਿਟੀ ਵਿਚ ਇਕ ਹੀ ਸ਼ੈਲਟਰ ਹੈ। ਜ਼ਿਆਦਾ ਬੇਘਰੇ ਲੋਕ ਮੂਲਵਾਸੀ ਹੁੰਦੇ ਹਨ।

x2

## ਕਰੈਨਬਰੁੱਕ ਵਿਚ ਹੈਲਥ ਕੇਅਰ ਤੱਕ ਪਹੁੰਚ ਮਨੁੱਖੀ ਅਧਿਕਾਰਾਂ ਦਾ ਮੁੱਦਾ ਹੈ

ਭਾਵੇਂ ਕਰੈਨਬਰੁੱਕ ਵਿਚ ਈਸਟ ਕੂਟਨੀ ਰੀਜਨਲ ਹਸਪਤਾਲ ਹੈ ਅਤੇ ਹਾਲ ਹੀ ਵਿਚ ਖੋਲ੍ਹਿਆ ਗਿਆ ਮੁੱਢਲਾ ਅਤੇ ਜ਼ਰੂਰੀ (ਪ੍ਰਾਈਮਰੀ ਐਂਡ ਅਰਜੈਂਟ) ਦੇਖਭਾਲ ਕੇਂਦਰ ਹੈ, ਹੈਲਥ ਕੇਅਰ ਤੱਕ ਪਹੁੰਚਣ ਲਈ ਲਗਾਤਾਰ ਕਾਇਮ ਰਹਿਣ ਵਾਲੀਆਂ ਰੁਕਾਵਟਾਂ ਅਜੇ ਵੀ ਹਨ, ਖਾਸ ਕਰ ਚਿਰਕਾਲੀ (ਕਰੌਨਿਕ) ਜਾਂ ਗੁੰਝਲਦਾਰ ਬੀਮਾਰੀਆਂ ਵਾਲੇ ਲੋਕਾਂ ਅਤੇ ਹਾਸ਼ੀਏ (ਮਾਰਜੀਨਲਾਈਜ਼ਡ) ਉੱਪਰਲੇ ਲੋਕਾਂ ਲਈ।

ਮੂਲਵਾਸੀ ਲੋਕਾਂ, ਅਪਾਹਜ ਲੋਕਾਂ, ਬੇਘਰੇ ਲੋਕਾਂ ਅਤੇ/ਜਾਂ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੇ ਹੈਲਥ ਕੇਅਰ ਤੱਕ ਪਹੁੰਚ ਕਰਨ ਵੇਲੇ ਵਿਤਕਰਾ ਹੋਣ ਦੇ ਤਜਰਬੇ ਬਾਰੇ ਦੱਸਿਆ।

### ਜ਼ਹਿਰੀਲੇ ਡਰੱਗਾਂ ਦੀ ਐਮਰਜੈਂਸੀ ਨੇ ਵੀ ਕਾਫੀ ਵੱਡਾ ਅਸਰ ਪਾਇਆ ਹੈ।

ਜਨਵਰੀ 2020 ਅਤੇ ਅਗਸਤ 2023 ਦਰਮਿਆਨ ਕਰੈਨਬਰੁੱਕ ਵਿਚ ਜ਼ਹਿਰੀਲੇ ਡਰੱਗਾਂ ਦੀ ਸਪਲਾਈ ਕਾਰਨ 51 ਲੋਕਾਂ ਦੀ ਮੌਤ ਹੋਈ ਹੈ।

British Columbia's
**Office of the Human Rights Commissioner**

[Punjabi]

## ਵਿਤਕਰਾ ਅਤੇ ਨਫਰਤ ਕਰੈਨਬਰੁੱਕ ਵਿਚ ਮਨੁੱਖੀ ਅਧਿਕਾਰਾਂ ਦੇ ਮੁੱਦੇ ਹਨ



### ਕਰੈਨਬਰੁੱਕ ਵਿਚ ਮੂਲਵਾਸੀ ਵਿਰੋਧੀ ਵਿਤਕਰਾ ਅਤੇ ਲਿੰਗ ਭੇਦ ਆਧਾਰਿਤ ਹਿੰਸਾ (ਜੈਂਡਰ-ਬੇਸਡ) ਹਿੰਸਾ

ਔਰਤਾਂ ਅਤੇ ਜੈਂਡਰ-ਡਾਈਵਰਸ ਲੋਕਾਂ ਵਲਾਂ ਵਿਤਕਰੇ ਵਾਲੇ ਨਜ਼ਰੀਏ ਕਾਰਨ ਹਿੰਸਾ ਹੋਣ ਦੇ ਵੀ ਮੌਕੇ ਵਧ ਜਾਂਦੇ ਹਨ ਅਤੇ ਜੋ ਲੋਕ ਹਿੰਸਾ ਦਾ ਸ਼ਿਕਾਰ ਹੁੰਦੇ ਹਨ ਉਨ੍ਹਾਂ ਵਲ ਅਸਰਦਾਇਕ ਹੁੰਗਾਰਾ ਅਤੇ ਮਦਦ ਦੇਣ ਵਿਚ ਵੀ ਰੁਕਾਵਟ ਆਉਂਦੀ ਹੈ। ਇਹ ਗੱਲ ਮੂਲਵਾਸੀ ਔਰਤਾਂ, ਨਸ਼ਿਆਂ ਦੀ ਵਰਤੋਂ ਕਰਨ ਵਾਲੀਆਂ ਔਰਤਾਂ ਅਤੇ ਅਪਾਹਜਤਾ ਵਾਲੀਆਂ ਔਰਤਾਂ ਦੇ ਮਾਮਲੇ ਵਿਚ ਖਾਸ ਤੌਰ ’ਤੇ ਸੱਚ ਹੈ।

“ਏਥੇ ਨਫਰਤ ਅਤੇ ਡਰ, ਔਰਤਾਂ ਲਈ ਬਹੁਤ ਖਤਰਨਾਕ ਹੈ। ਉਹ ਬਹੁਤ ਜ਼ਿਆਦਾ ਕਮਜ਼ੋਰ ਸਥਿਤੀ ਵਿਚ ਹੁੰਦੀਆਂ ਹਨ ... ਰਾਤ ਨੂੰ ਡਾਊਨਟਾਊਨ ਵਿਚ ਤੁਰਨ ਸਮੇਂ ਅਤੇ ਜੇ ਤੁਸੀਂ ਇਨਡਿਜਨਸ ਔਰਤ ਹੋ (ਜਾਂ) ਤੁਸੀਂ ਦੇਖਣ ਨੂੰ ਲਗਦੇ ਹੋਵੋ ਕਿ ਇਨਡਿਜਨਸ ਔਰਤ ਹੋ। - ਇਕ ਕਮਿਊਨਿਟੀ ਮੈਂਬਰ ਦੀ ਰਾਏ”

## ਬੀ ਸੀ ਦੇ ਮਨੁੱਖੀ ਅਧਿਕਾਰ ਕਮਿਸ਼ਨਰ ਦੇ ਦਫ਼ਤਰ (BCOHRC) ਬਾਰੇ

ਬੀ ਸੀ ਦੇ *ਹਿਊਮਨ ਰਾਈਟਸ ਕੋਡ* ਅਧੀਨ, ਬੀ ਸੀ ਦਾ ਹਿਊਮਨ ਰਾਈਟਸ ਕਮਿਸ਼ਨਰ ਸੂਬੇ ਵਿੱਚ ਮਨੁੱਖੀ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਅਤੇ ਉਹਨਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ। ਬੀ ਸੀ ਦੇ ਹਿਊਮਨ ਰਾਈਟਸ ਕਮਿਸ਼ਨਰ ਦਾ ਦਫ਼ਤਰ (BCOHRC) ਅਸਮਾਨਤਾ, ਵਿਤਕਰੇ ਅਤੇ ਬੇਇਨਸਾਫ਼ੀ ਤੋਂ ਮੁਕਤ ਸੂਬੇ ਦੀ ਕਲਪਨਾ ਕਰਦਾ ਹੈ, ਜਿੱਥੇ ਅਸੀਂ ਸਾਰਿਆਂ ਲਈ ਮਨੁੱਖੀ ਅਧਿਕਾਰਾਂ ਨੂੰ ਬਰਕਰਾਰ ਰੱਖਦੇ ਹਾਂ ਅਤੇ ਇੱਕ ਦੂਜੇ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੇ ਹਾਂ। ਸਾਡੀ ਵੈੱਬਸਾਈਟ bchumanrights.ca ’ਤੇ ਸਾਡੇ ਦਫ਼ਤਰ ਬਾਰੇ ਹੋਰ ਜਾਣੋ

### ਕਰੈਨਬਰੁੱਕ ਵਿੱਚ BCOHRC ਬੇਸਲਾਈਨ ਪ੍ਰੋਜੈਕਟ

BCOHRC ਬੇਸਲਾਈਨ ਪ੍ਰੋਜੈਕਟ ਬੀ ਸੀ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਾਰੇ ਜਾਣਨ ਲਈ ਇੱਕ ਬਹੁ-ਸਾਲਾ ਕਮਿਊਨਿਟੀ ਖੋਜ ਪ੍ਰੋਜੈਕਟ ਹੈ। ਕਰੈਨਬਰੁੱਕ ਭਾਗ ਲੈਣ ਵਾਲੇ ਚਾਰ ਭਾਈਚਾਰਿਆਂ ਵਿੱਚੋਂ ਇੱਕ ਸੀ। ਇਹ ਕੰਮ ਕਰੈਨਬਰੁੱਕ ਦੇ ਕਮਿਊਨਿਟੀ ਸਹਿਯੋਗੀਆਂ ਤੋਂ ਬਿਨਾਂ ਸੰਭਵ ਨਹੀਂ ਸੀ: ਏ ਆਈ ਡੀ ਐਸ (AIDS) ਨੈੱਟਵਰਕ ਕੂਟਨੀ ਆਊਟਰੀਚ ਐਂਡ ਸੁਪੋਰਟ ਸੁਸਾਇਟੀ (ANKORS), ਕਰੈਨਬਰੁੱਕ ਫੂਡ ਬੈਂਕ, ਕਰੈਨਬਰੁੱਕ ਵਿਮਨਜ਼ ਰੀਸੋਰਸ ਸੈਂਟਰ, REALM ਸਰਵਿਸਿਜ਼ ਇਨਕ., ਸੈਲਫ ਐਡਵੋਕੇਟ ਆਫ ਦਾ ਰੌਕੀਜ਼। ਇਸ ਦੇ ਨਾਲ ਹੀ ਅਸੀਂ ਸ਼ੁਕਰਗੁਜ਼ਾਰ ਹਾਂ ਕਤੂਨਾਕਸਾ ਨੇਸ਼ਨ ਦੇ ਹੈਲਥ ਐਂਡ ਸੋਸ਼ਿਲ ਸੈਕਟਰ ਦੇ ਜਿਨ੍ਹਾਂ ਨੇ ਸਾਡਾ ਉਨ੍ਹਾਂ ਲੋਕਾਂ ਨਾਲ ਸੰਪਰਕ ਬਣਾਇਆ ਜੋ ਉਨ੍ਹਾਂ ਦੀਆਂ ਸੇਵਾਂਵਾਂ ਪ੍ਰਾਪਤ ਕਰਦੇ ਹਨ।

ਕਰੈਨਬਰੁੱਕ ਦੀ ਮਨੁੱਖੀ ਅਧਿਕਾਰਾਂ ਦੀ ਕਹਾਣੀ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਕਰੈਨਬਰੁੱਕ ਕਮਿਊਨਿਟੀ ਬ੍ਰੀਫ ਨਾਲ baseline.bchumanrights.ca/cranbrook ‘ਤੇ ਸੰਪਰਕ ਕਰੋ।